5 ਹੇਠ ਲਿਖੀ ਰਚਨਾ ਨੂੰ ਧਿਆਨ ਨਾਲ ਪੜ੍ਹ ਕੇ ਦਿੱਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਪੂਰਨ ਵਾਕਾਂ ਵਿੱਚ ਲਿਖੋ ।

*Baca petikan di bawah dengan teliti, kemudian jawab* **semua** *soalan yang berikut dengan menggunakan ayat yang lengkap.*

ਇਸ ਸਾਲ ਦੀ ਨੈਸ਼ਨਲ ਸਰਵਿਸ ਜਾਂ ਲਾਜ਼ਮੀ ਕੌਮੀ ਸੇਵਾ ਦੀ ਟ੍ਰੇਨਿੰਗ ਵਾਸਤੇ ਚੁਣੇ ਗਏ ਨੌਜੁਆਨਾਂ ਦੀ ਲਿਸਟ ਅਖਬਾਰਾਂ ਵਿੱਚ ਛੱਪ ਚੁੱਕੀ ਹੈ। ਇਹਨਾਂ ਦੇ ਨਾਮ ਕੰਪਿਊਟਰ ਰਾਹੀਂ ਅਟਕਲ-ਪੱਚੂ (ਰੈਨਡਮ) ਤਰੀਕੇ ਨਾਲ ਚੁਣੇ ਜਾਂਦੇ ਹਨ।

ਇਹਨਾਂ ਨੌਜੁਆਨਾਂ ਨੂੰ ਤਿੰਨ ਜਥਿਆਂ ਵਿੱਚ ਵੰਡਿਆ ਜਾਂਦਾ ਹੈ। ਪਹਿਲਾ ਜਥਾ ਜਨਵਰੀ ਤੋਂ ਮਾਰਚ ਤੱਕ, ਦੂਜਾ ਜਥਾ ਮਾਰਚ ਤੋਂ ਜੂਨ ਤੱਕ ਅਤੇ ਤੀਸਰਾ ਜਥਾ ਜੂਨ ਤੋਂ ਸਤੰਬਰ ਤੱਕ ਵਾਰੀ ਵਾਰੀ ਸਿਖਲਾਈ ਕਰੇਗਾ। ਕਈ ਖਾਸ ਕਾਰਨਾਂ ਕਰਕੇ ਚੁਣੇ ਗਏ ਨੌਜੁਆਨਾਂ ਨੂੰ ਛੋਟ ਵੀ ਦਿੱਤੀ ਜਾਂਦੀ ਹੈ। ਮਿਸਾਲ ਵਿੱਚ, ਕਮਜ਼ੋਰ ਸਿਹਤ, ਭਿਆਨਕ ਬਿਮਾਰੀ, ਅੰਗਹੀਣਤਾ ਜਾਂ ਕਿਸੇ ਜ਼ਰੂਰੀ ਇਮਤਿਹਾਨ ਕਾਰਨ ਇਹ ਟ੍ਰੇਨਿੰਗ ਅਗਾਂਹ ਵੀ ਕੀਤੀ ਜਾ ਸਕਦੀ ਹੈ। ਪਰ ਜਿਹੜਾ ਜਾਣ-ਬੁੱਝ ਕੇ ਗੈਰ-ਹਾਜ਼ਰ ਹੋਵੇ, ਉਸ ਨੂੰ ਕਾਨੂਨੀ ਕਾਰਵਾਈ ਅਨੁਸਾਰ ਦੰਡ ਦਿੱਤਾ ਜਾ ਸਕਦਾ ਹੈ।

ਨੈਸ਼ਨਲ ਸਰਵਿਸ ਦੀ ਟ੍ਰੇਨਿੰਗ ਦਾ ਮੁੱਖ ਮਨੋਰਥ ਇਹ ਹੈ ਕਿ ਲੋੜ ਪੈਣ ਤੇ ਇਹ ਨੌਜੁਆਨ ਦੇਸ ਦੀ ਰੱਖਿਆ ਕਰ ਸਕਦੇ ਹਨ। ਇਹਨਾਂ ਯੁਵਕਾਂ ਨੂੰ ਫੌਜੀ ਨਿਯਮ ਦੇ ਖਾਸ ਤਰਤੀਬ, ਅਤੇ ਕੁਝ ਹਥਿਆਰ ਵਰਤਣੇ ਸਿਖਾਏ ਜਾਂਦੇ ਹਨ। ਨਾਲ ਦੀ ਨਾਲ ਦੇਸ਼ ਪ੍ਰੇਮ ਵੀ ਘੁਟ-ਘੁਟ ਕੇ ਭਰਿਆ ਜਾਂਦਾ ਹੈ।

ਵਰਤਮਾਨ ਸਮੇਂ ਵਿੱਚ ਸਰਕਾਰ ਵੱਲੋਂ ਨੈਸ਼ਨਲ ਸਰਵਿਸ ਨੂੰ ਚਾਲੂ ਕਰਨ ਦਾ ਇੱਕ ਹੋਰ ਖਾਸ ਕਾਰਨ ਹੈ। ਸਰਕਾਰ ਵੇਖ ਰਹੀ ਹੈ ਕਿ ਇਸ ਬਹੁ-ਨਸਲੀ ਮੁਲਕ ਵਿੱਚ ਜਾਤੀ-ਵੰਡ ਦੀਆਂ ਤਰੇੜਾਂ ਵੱਧ ਰਹੀਆਂ ਹਨ। ਇਥੋਂ ਤੱਕ ਕਿ ਨੌਜੁਆਨ ਆਪਣੇ ਮਿੱਤਰ ਬੇਲੀ ਸਿਰਫ ਆਪਣੀ ਨਸਲ ਦੇ ਹੀ ਚੁਣਦੇ ਹਨ। ਇਹ ਅਣਚਾਹਾ ਝੁਕਾਉ ਦੇਸ਼ ਦੇ ਭਲੇ ਲਈ ਠੀਕ ਨਹੀਂ ਹੈ। ਨੈਸ਼ਨਲ ਸਰਵਿਸ ਰਾਹੀਂ ਸਾਰੀਆਂ ਕੌਮਾਂ ਦੇ ਨੌਜੁਆਨਾਂ ਨੂੰ ਰਲ ਕੇ ਰਹਿਣਾ, ਇੱਕ ਦੂਸਰੇ ਦੀ ਮਦਦ ਕਰਨੀ ਅਤੇ ਸਹਿਯੋਗ ਦੇਣ ਦੀ ਜੁਗਤੀ ਸਿਖਾਲੀ ਜਾਂਦੀ ਹੈ। ਲੰਮੇ ਅਰਸੇ ਲਈ ਲਗਾਤਾਰ ਇਕੱਠੇ ਰਹਿਣ ਕਰਕੇ ਇੱਕ ਦੂਜੇ ਦੇ ਤੌਰ ਤਰੀਕੇ, ਰਸਮ ਰਿਵਾਜ ਅਤੇ ਰਹਿਣੀ ਬਹਿਣੀ ਨੂੰ ਸਮਝ ਕੇ ਸਹਿਣਸ਼ੀਲ ਬਣ ਸਕਦੇ ਹਨ।

*( 'ਮਲਾਇਆ ਸਮਾਚਾਰ' ਵਿੱਚੋਂ ਧੰਨਵਾਦ ਸਹਿਤ )*

 © 2010 Hak Cipta Kerajaan Malaysia 

4 (*a*) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਪੰਜ ਮੁਹਾਵਰੇ ਚੁਣ ਕੇ ਉਨ੍ਹਾਂ ਦੇ ਅਰਥ ਦੱਸੋ ।

*Pilih* **lima** *simpulan bahasa daripada senarai di bawah dan berikan maksudnya.*

(ੳ) ਰਾਹ ਵੇਖਣਾ

(ਅ) ਹੱਥ ਜੋੜਨੇ

(ੲ) ਕਲਮ ਚਲਾਉਣੀ

(ਸ) ਗਲ਼ ਪੈਣਾ

(ਹ) ਚੱਕਰ ਮਾਰਨੇ

(ਕ) ਜ਼ੁਬਾਨ ਕਰਨੀ

(ਖ) ਦਮ ਲੈਣਾ

(ਗ) ਅਸਮਾਨ ਤੇ ਚੜ੍ਹਾਉਣਾ

[5 *markah*]

(*b*) ਹੇਠ ਦਿੱਤੇ ਹੋਏ ਸ਼ਬਦਾਂ ਵਿੱਚੋਂ ਕੋਈ ਪੰਜ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ ।

*Berikan perkataan berlawan bagi* **lima** *perkataan di bawah.*

(ੳ) ਔਖਾ

(ਅ) ਸੱਚ

(ੲ) ਰੋਣਾ

(ਸ) ਜਾਗਣਾ

(ਹ) ਕਮਜ਼ੋਰ

(ਕ) ਸਸਤਾ

(ਖ) ਪਾਪ

(ਗ) ਹਨੇਰਾ

[5 *markah*]



9378 © 2010 Hak Cipta Kerajaan Malaysia

(*a*) ਹੇਠਾਂ ਦਿੱਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਉੱਪਰ ਦਿੱਤੀ ਰਚਨਾ ਅਨੁਸਾਰ ਸੰਪੂਰਨ ਵਾਕਾਂ ਵਿੱਚ ਲਿਖੋ ।

*Jawab* **semua** *soalan berikut berdasarkan petikan yang diberi dengan menggunakan ayat yang lengkap.*

(ੳ) ਨੈਸ਼ਨਲ ਸਰਵਿਸ ਟ੍ਰੇਨਿੰਗ ਲਈ ਨੌਜੁਆਨ ਕਿਵੇਂ ਚੁਣੇ ਜਾਂਦੇ ਹਨ ? (2 *markah*)

(ਅ) ਕਿਹੜੇ ਕਾਰਨਾਂ ਕਰਕੇ ਟ੍ਰੇਨਿੰਗ ਤੋਂ ਛੋਟ ਮਿਲ ਸਕਦੀ ਹੈ ? (3 *markah*)

(ੲ) ਟ੍ਰੇਨਿੰਗ ਸਬੰਧੀ ਲਾਪਰਵਾਹੀ ਕਰਨ ਵਾਲੇ ਨਾਲ਼ ਕੀ ਕੀਤਾ ਜਾਂਦਾ ਹੈ ? (3 *markah*)

(ਸ) ਨੈਸ਼ਨਲ ਸਰਵਿਸ ਦਾ ਮੁੱਖ ਮਨੋਰਥ ਕੀ ਹੈ ? (3 *markah*)

(ਹ) ਤੁਸੀਂ ਨੈਸ਼ਨਲ ਸਰਵਿਸ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ?

ਇਸ ਦੇ ਦੋ ਕਾਰਨ ਲਿਖੋ । (4 *markah*)

[15 *markah*]

(*b*) ਉਪਰਲੀ ਰਚਨਾ ਵਿੱਚ ਲਕੀਰੇ ਹੋਏ ਸ਼ਬਦਾਂ ਵਿੱਚੋਂ ਕੋਈ ਪੰਜ ਸ਼ਬਦ ਚੁਣ ਕੇ ਉਨ੍ਹਾਂ ਦੇ ਅਰਥ ਰਚਨਾ ਅਨੁਸਾਰ ਲਿਖੋ ।

*Pilih* **lima** *perkataan daripada perkataan-perkataan yang bergaris dalam petikan dan terangkan maksudnya.*

(ੳ) ਜਥਾ

(ਅ) ਭਿਆਨਕ

(ੲ) ਦੰਡ

(ਸ) ਮਨੋਰਥ

(ਹ) ਤਰਤੀਬ

(ਕ) ਮਿੱਤਰ

(ਖ) ਮਦਦ

(ਗ) ਜੁਗਤੀ

[5 *markah*]

KERTAS SOALAN TAMAT

 © 2010 Hak Cipta Kerajaan Malaysia 

3 ਹੇਠ ਲਿਖੀ ਵਾਰਤਾ ਦਾ ਪੰਜਾਬੀ ਬੋਲੀ ਵਿੱਚ ਉਲੱਥਾ (ਤਰਜਮਾਂ) ਕਰੋ ।

*Terjemahkan petikan di bawah ke dalam* **bahasa Punjabi.**

Kehidupan manusia indah tetapi dikatakan tidak lengkap tanpa adanya gigi. Oleh itu, gigi merupakan bahagian dalam mulut manusia yang sangat penting, terutamanya untuk mengunyah makanan dan penampilan seseorang.

Lazimnya manusia normal mempunyai dua peringkat perkembangan gigi, iaitu gigi susu dan gigi kekal. Gigi susu berjumlah 20 batang dan akan digantikan secara berperingkat dengan gigi kekal yang berjumlah 32 batang sewaktu menjangkau umur dewasa. Kita mesti menjaga gigi dengan sebaik mungkin kerana gigi tidak ada gantinya selain gigi palsu yang tidak kuat.

Selain kebersihan gigi, kita juga perlu menjaga kebersihan gusi agar sentiasa segar sepanjang masa. Gigi bersih akan menambahkan keyakinan diri untuk berhadapan dengan orang lain. Gigi dan gusi yang bermasalah akan mengundang bau dan menjejaskan penampilan diri seseorang. Oleh itu, jangan ambil mudah jika gusi merah, mudah berdarah dan bengkak. Anda perlu berjumpa doktor gigi dengan segera.

Untuk menjaga kesihatan gigi, kita hendaklah mengurangkan pengambilan minuman dan makanan yang mengandungi peratusan gula yang tinggi. Selain itu, kita wajar membuat pemeriksaan gigi sekurang-kurangnya enam bulan sekali di klinik kerajaan mahupun swasta. Gigi yang bersih dan cantik melambangkan keperibadian seseorang. Jadi, jagalah gigi anda.

[15 *markah*]

 © 2010 Hak Cipta Kerajaan Malaysia 

ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ ।

*Jawab* **semua** *soalan.*

1 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਪੰਜਾਬੀ ਬੋਲੀ ਵਿੱਚ ਲੇਖ ਲਿਖੋ ਜੋ **ਤਿੰਨ ਸੌ (300) ਸ਼ਬਦਾਂ** ਤੋਂ ਘੱਟ ਨਾ ਹੋਵੇ ।

*Pilih* **satu** *tajuk di bawah dan tulis sebuah karangan dalam bahasa Punjabi yang panjangnya* **tidak kurang daripada 300 patah perkataan**.

(ੳ) ਕਸਰਤ ਦੇ ਲਾਭ

(ਅ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚੋਂ ਕੋਈ ਇੱਕ ਸਾਖੀ ਲਿਖੋ ।

(ੲ) 'ਅੱਜ ਕੱਲ ਨੌਜੁਆਨਾਂ ਨੂੰ ਬਹੁਤ ਜ਼ਿਆਦਾ ਆਜ਼ਾਦੀ ਮਿਲੀ ਹੋਈ ਹੈ।'

ਤੁਸੀਂ ਇਸ ਵਿਸ਼ੇ ਉੱਤੇ ਆਪਣੇ ਖਿਆਲ ਲਿਖੋ ।

(ਸ) ਆਪਣੇ ਦੋਸਤ ਨੂੰ ਚਿੱਠੀ ਲਿਖ ਕੇ ਆਪਣੀ ਭੈਣ ਦੇ ਵਿਆਹ ਬਾਰੇ ਦੱਸੋ ।

ਤੁਸੀਂ ਹੇਠ ਦਿੱਤੇ ਨੁਕਤੇ ਵਰਤ ਸਕਦੇ ਹੋ :-

- ਵਿਆਹ ਦੀ ਤਿਆਰੀ
- ਸੰਗੀਤ / ਮਾਯੀਆਂ
- ਜੰਝ
- ਅਨੰਦ ਕਾਰਜ
- ਡੋਲੀ

(ਹ) ਹੇਠ ਲਿਖੀ ਕਹਾਣੀ ਪੂਰੀ ਕਰੋ :-

ਸਿਰਫ਼ ਮੈਂ ਹੀ ਘਰੇ ਸਾਂ । ਟੈਲੀਵੀਜ਼ਨ ਤੇ ਵਰਲਡ ਕੱਪ ਦਾ ਮੈੱਚ ਚੱਲ ਰਿਹਾ ਸੀ । ਬਾਹਰ ਬਿਜਲੀ ਗੜਕੀ ਅਤੇ ਸਾਰੇ ਘਰ ਦੀਆਂ ਬੱਤੀਆਂ ਬੁਝ ਗਈਆਂ । ਮੈਂ...

[40 *markah*]

 © 2010 Hak Cipta Kerajaan Malaysia 

2 ਹੇਠ ਲਿਖੀ ਵਾਰਤਾ ਦਾ **ਮਲਾਈ ਬੋਲੀ** *ਵਿਚ* ਉਲੱਥਾ (ਤਰਜਮਾਂ) ਕਰੋ ।

*Terjemahkan petikan di bawah ke dalam* **bahasa Melayu**.

ਪਾਣੀ ਕੁਦਰਤ ਦੀ ਅਣਮੁੱਲੀ ਦਾਤ ਹੈ। ਮਨੁੱਖੀ ਜੀਵਨ ਲਈ ਇਹ ਇਤਨੀ ਜਰੂਰੀ ਹੈ ਕਿ ਇਸ ਤੋਂ ਬਿਨਾਂ ਆਦਮੀ ਜਿਉਂਦਾ ਨਹੀਂ ਰਹਿ ਸਕਦਾ। ਕੋਈ ਜੜ੍ਹ ਜੀਵਨ ਵੀ ਪੈਦਾ ਨਹੀ ਹੋ ਸਕਦਾ। ਇਨ੍ਹਾਂ ਬੂਟਿਆਂ ਤੋਂ ਹੀ ਅਨਾਜ, ਫਲ ਅਤੇ ਫੁੱਲ ਪੈਦਾ ਹੁੰਦੇ ਹਨ। ਜੇ ਪਾਣੀ ਨਾ ਹੁੰਦਾ ਤਾਂ ਇਸ ਧਰਤੀ ਤੇ ਕੋਈ ਜੀਵ ਨਾ ਹੁੰਦਾ।

ਸਾਡੇ ਖਾਣ ਦੀਆਂ ਚੀਜਾਂ, ਵਿਸ਼ੇਸ਼ ਕਰਕੇ ਸਬਜ਼ੀਆਂ ਤੇ ਫਲਾਂ ਵਿੱਚ ਬਹੁਤ ਹਿੱਸਾ ਪਾਣੀ ਦਾ ਹੁੰਦਾ ਹੈ। ਕੱਚੀਆਂ ਸਬਜ਼ੀਆਂ ਨੂੰ ਜਦੋਂ ਰਸੋਈ ਵਿੱਚ ਪਕਾਉਂਦੇ ਹਾਂ ਤਾਂ ਵੀ ਪਾਣੀ ਦੀ ਲੋੜ ਪੈਂਦੀ ਹੈ। ਖਾਣਾ ਖਾਣ ਸਮੇਂ ਫਿਰ ਪਾਣੀ ਪੀਂਦੇ ਹਾਂ। ਇਸ ਤਰ੍ਹਾਂ ਸਮਝ ਲਵੋ ਕਿ ਪਾਣੀ ਬਿਨ੍ਹਾਂ ਗੁਜ਼ਾਰਾ ਨਹੀਂ ਹੋ ਸਕਦਾ। ਡਾਕਟਰ ਦਸਦੇ ਹਨ ਕਿ ਚੰਗੀ ਸਿਹਤ ਲਈ ਰੋਜ ਤਾਜ਼ਾ ਤੇ ਸਾਫ ਪਾਣੀ ਪੀਣ ਦੀ ਲੋੜ ਹੈ। ਪਾਣੀ ਪੀਣ ਨਾਲ ਸਾਡੇ ਅੰਦਰੋਂ ਗੰਦਗੀ, ਪਿਸ਼ਾਬ ਅਤੇ ਪਸੀਨੇ ਰਾਹੀਂ, ਬਾਹਰ ਨਿਕਲਦੀ ਹੈ।

ਸ਼ਰੀਰ ਦੇ ਅੰਦਰ ਦੀ ਸਫ਼ਾਈ ਪਾਣੀ ਦੁਆਰਾ ਹੀ ਹੁੰਦੀ ਹੈ। ਸਰੀਰ ਦੇ ਬਾਹਰਲੇ ਹਿੱਸੇ ਦੀ ਸਫਾਈ ਵੀ ਜ਼ਰੂਰੀ ਹੈ। ਇਸ ਲਈ ਸਾਨੂੰ ਰੋਜ ਇਸ਼ਨਾਨ ਕਰਨਾ ਚਾਹੀਦਾ ਹੈ।

*('ਪ੍ਰੋਗਰੈਸੀਵ ਪੰਜਾਬੀ' ਪੁਸਤਕ ਵਿੱਚੋਂ ਧੰਨਵਾਦ ਸਹਿਤ )*

[15 *markah*]



9378 © 2010 Hak Cipta Kerajaan Malaysia

LEMBAGA PEPERIKSAAN
KEMENTERIAN PELAJARAN MALAYSIA

# SIJIL PELAJARAN MALAYSIA 2010 — 9378

**BAHASA PUNJABI**
**Nov./Dis.**
3 jam — Tiga jam

**JANGAN BUKA KERTAS SOALAN INI SEHINGGA DIBERITAHU**

1. *Kertas soalan ini mengandungi* **lima** *soalan.*
2. *Jawab* **semua** *soalan.*
3. *Jawapan anda hendaklah ditulis dalam buku jawapan yang disediakan. Sekiranya buku jawapan tidak mencukupi, sila dapatkan helaian tambahan daripada pengawas peperiksaan.*

Kertas soalan ini mengandungi 7 halaman bercetak dan 1 halaman tidak bercetak.

[Lihat halaman sebelah

 © 2010 Hak Cipta Kerajaan Malaysia